**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ.ਪੀ.ਐਸ.ਬੀ/ਆਈ.ਟੀ/2015/ 2478 ਮਿਤੀ: 28/7/15

ਸੇਵਾ ਵਿਖੇ,

ਪ੍ਰਿੰਸੀਪਲ,
ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ ਪ੍ਰੀਖਿਆ ਕੇਂਦਰ
ਪੰਜਾਬ ਰਾਜ ਅਧੀਨ।

ਵਿਸ਼ਾ: ਉੱਤਰਕਾਪੀਆਂ ਦੀ ਪੈਕਿੰਗ ਸਬੰਧੀ ਜ਼ਰੂਰ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦਸਿਆ ਜਾਂਦਾ ਹੈ ਕਿ ਜੁਲਾਈ 2015 ਦੀਆਂ ਪ੍ਰੀਖਿਆਵਾਂ ਅਰੰਭ ਹੋ ਚੁੱਕੀਆਂ ਹਨ ਅਤੇ ਇਸ ਸਬੰਧੀ ਪ੍ਰਿੰਸੀਪਲ ਪ੍ਰੀਖਿਆ ਕੇਂਦਰ ਨੂੰ ਹਦਾਇਤ ਹੈ ਹੇਠ ਲਿਖੇ ਨੁਕਤੇ ਦਾ ਧਿਆਨ ਰਖਿਆ ਜਾਵੇ:

1. ਸਮੈਸਟਰ 2, 3 ਅਤੇ 4 ਦੇ ਪੇਪਰ ਤੀਜਾ ਜੋ ਕਿ ਇੰਜਨਰਿੰਗ ਡਰਾਇੰਗ ਦਾ ਪੇਪਰ ਹੈ, ਬੋਰਡ ਵੱਲੋਂ ਦਿੱਤੀਆਂ ਗਈਆਂ ਡਰਾਇੰਗ ਸ਼ੀਟਾਂ/ਗਰਾਫ ਪੇਪਰ(ਲਾਲ) ਤੇ ਕਰਵਾਇਆ ਜਾਵੇ। ਇਹ ਸ਼ੀਟਾਂ ਵੱਖਰੇ ਤੌਰ ਤੇ ਪੈਕ ਕੀਤੀਆਂ ਜਾਣ ਅਤੇ ਬੋਰਡ ਨੂੰ ਅਲੱਗ ਪੈਕਟ ਵਿੱਚ ਭੇਜੀਆਂ ਜਾਣ।

2. ਓ.ਐਮ.ਆਰ ਸ਼ੀਟਾਂ ਕਾਰਡ ਬੋਰਡ ਦੇ ਬਾਕਸਾਂ (ਜਿਹਨਾਂ ਦਾ ਨਾਪ 17x12x9 Inch) ਹੋਵੇ, ਵਿੱਚ ਪੈਕ ਕੀਤੀਆਂ ਜਾਣ।

3. ਓ.ਐਮ.ਆਰ ਸ਼ੀਟਾਂ ਸਮੈਸਟਰ ਵਾਈਜ਼ ਪੈਕ ਕੀਤੀਆਂ ਜਾਣ।

4. ਐਨ.ਸੀ.ਵੀ.ਟੀ ਅਤੇ ਐਸ.ਸੀ.ਵੀ.ਟੀ ਓ.ਐਮ.ਆਰ ਅੱਲਗ ਅਲੱਗ ਪੈਕ ਕੀਤੀਆਂ ਜਾਣ।

5. ਹਾਜ਼ਰੀ ਸ਼ੀਟਾਂ ਦੀਆਂ ਦੋ ਕਾਪੀਆਂ ਭੇਜੀਆਂ ਜਾਣ। ਇੱਕ ਕਾਪੀ ਪ੍ਰੈਕਟ ਦੇ ਵਿੱਚ ਰੱਖੀ ਜਾਵੇ ਅਤੇ ਦੂਜੀ ਕਾਪੀ ਬਾਕਸ ਨਾਲ ਭੇਜੀ ਜਾਵੇ।

6. ਓ.ਐਮ.ਆਰ ਸ਼ੀਟਾਂ ਵਿਦਿਆਰਥੀਆਂ ਵੱਲੋਂ ਸਹੀ ਢੰਗ ਨਾਲ ਭਰੀਆਂ ਜਾਣ ਸਬੰਧੀ ਪੂਰਨ ਜਿੰਮੇਵਾਰੀ ਸੁਪਰਡੰਟ ਪ੍ਰੀਖਿਆ ਅਤੇ ਪ੍ਰਿੰਸੀਪਲ ਜੀ ਦੀ ਹੋਵੇਗੀ। ਜੇਕਰ ਸਿਖਿਆਰਥੀਆਂ ਵੱਲੋਂ ਗਲਤ ਓ.ਐਮ.ਆਰ ਭਰੀ ਜਾਂਦੀ ਹੈ ਅਤੇ ਇਸ ਕਰਕੇ ਉਸ ਦਾ ਨਤੀਜਾ ਲੇਟ ਹੋ ਜਾਂਦਾ ਹੈ ਤਾਂ ਇਸ ਦੀ ਜਿੰਮੇਵਾਰੀ ਬੋਰਡ ਦੀ ਨਹੀਂ ਹੋਵੇਗੀ। ਅਜਿਹੀ ਸਥਿਤੀ ਵਿੱਚ ਜੇਕਰ ਕੋਈ ਕਾਨੂੰਨੀ ਸਮਸਿਆ ਪੇਸ਼ ਆਉਂਦੀ ਹੈ ਤਾਂ ਇਸ ਦੀ ਪੂਰਨ ਜਿੰਮੇਵਾਰੀ ਸੰਸਥਾ ਮੁੱਖੀ ਦੀ ਹੋਵੇਗੀ।

7. ਸਮੈਸਟਰ 2, 3 ਅਤੇ 4 ਦੇ ਪੇਪਰ 3 ਇੰਜਨਰਿੰਗ ਡਰਾਇੰਗ ਦੀ ਮਾਰਕਿੰਗ ਬੋਰਡ ਵਿਖੇ ਹੀ ਹੋਵੇਗੀ। ਪ੍ਰੀਖਿਅਕ ਸਿਖਿਆਰਥੀ ਦਾ ਰੋਲ ਨੰਬਰ ਅਤੇ ਨਾਮ ਚੈਕ ਕਰਨ ਉਪਰੰਤ ਸਾਰੀਆਂ ਸ਼ੀਟਾਂ ਤੇ ਹਸਤਾਖਰ ਕਰਨ।

8. ਪ੍ਰਿੰਸੀਪਲ/ਸੰਸਥਾ ਮੁੱਖੀ ਇਹ ਯਕੀਨੀ ਬਣਾਉਣ ਕਿ ਪ੍ਰੈਕਟੀਕਲ ਪ੍ਰੀਖਿਆ ਖਤਮ ਹੁੰਦੇ ਸਾਰ ਹੀ ਅਵਾਰਡ ਸ਼ੀਟਾਂ ਬੋਰਡ ਵਿਖੇ ਪਹੁੰਚਾ ਦਿੱਤੀਆਂ ਜਾਣ।

9. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਓ.ਐਮ.ਆਰ ਸ਼ੀਟ ਜੋ ਕਿ ਬੋਰਡ ਵੱਲੋਂ ਦਿੱਤੀ ਗਈ ਹੈ, ਦਾ ਹੀ ਇਸਤੇਮਾਲ ਕੀਤਾ ਜਾਵੇ। ਪੁਰਾਨੀ ਓ.ਐਮ.ਆਰ ਜਾਂ ਓ.ਐਮ.ਆਰ ਦੀ ਫੋਟੋਕਾਪੀ ਦੀ ਵਰਤੋਂ ਨਾ ਕੀਤੀ ਜਾਵੇ ਨਹੀਂ ਤਾ ਪੇਪਰ ਕੈਂਸਿਲ ਕਰ ਦਿੱਤਾ ਜਾਵੇਗਾ। ਜੇਕਰ ਓ.ਐਮ.ਆਰ ਸ਼ੀਟਾਂ ਦਾ ਕਿਸੇ ਪ੍ਰਕਾਰ ਦੀ ਕੋਈ ਘਾਟ ਹੈ ਤਾਂ ਅਜਿਹੀ ਸੂਰਤ ਵਿੱਚ ਬੋਰਡ ਦੇ ਦਫਤਰ ਨੂੰ ਤੁਰੰਤ ਸੰਪਰਕ ਕੀਤਾ ਜਾਵੇ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)